ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ਼, ਪਟਿਆਲਾ

ਵੱਲ :

ਵੱਣਜ਼ ਗਸ਼ਤੀ ਪੱਤਰ ਨੰ: 21 /2013

ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ਼ ਪਾਵਰ ਕਾਰਪੋਰੇਸ਼ਨ ਲਿਮਟਿਡ। 2 ਕਾਪੀਆਂ

ਮੀਮੋ ਨੰ: 4 8 8 / 92 / ਐਸਐਸਐਮ-414/ਟਿਊਬਵੈਲ ਪਾਲਿਸੀ /2012-13
ਮਿਤੀ : 9/4/13

ਵਿਸ਼ਾ: ਪੰਜਾਬ ਰਾਜ਼ ਵਿਚ ਖੇਤੀਬਾੜੀ ਬਿਨੈਕਾਰਾਂ ਨੂੰ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਸੰਬੰਧੀ ।

ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਏ.ਪੀ. ਪਾਲਿਸੀ/ਗਾਈਡਲਾਈਨਜ਼ ਦੇ ਮੱਦੇਨਜ਼ਰ ਰਾਜ਼ ਵਿਚ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਸਬੰਧੀ ਵਣਜ ਗਸ਼ਤੀ ਪੱਤਰ ਨੰ: 2/2013 ਮਿਤੀ 8.1.2013 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਹਨਾਂ ਹਦਾਇਤਾਂ ਅਨੁਸਾਰ ਜਨਰਲ ਕੈਟਾਗਰੀ ਦੇ ਬਿਨੈਕਾਰਾਂ ਜਿਨ੍ਹਾਂ ਕੋਲ 2.5 ਏਕੜ ਅਤੇ 2.5 ਏਕੜ ਤੋ 5 ਏਕੜ ਤੱਕ ਜ਼ਮੀਨ ਦੀ ਮਾਲਕੀ ਹੈ, ਨੂੰ ਮੰਗ ਪੱਤਰ ਜਾਰੀ ਕਰਨ ਲਈ ਅਰਜ਼ੀ ਦੀ ਕੱਟ ਆਫ ਡੇਟ 31.12.1992 ਹੈ ਅਤੇ 5 ਏਕੜ ਤੋਂ ਵੱਧ ਜ਼ਮੀਨ ਵਾਲੇ ਬਿਨੈਕਾਰਾਂ ਨੂੰ ਮੰਗ ਪੱਤਰ ਜਾਰੀ ਕਰਨ ਦੀ ਕੱਟ ਆਫ ਡੇਟ 31.3.1991 ਹੈ। ਇਸ ਤੋ ਇਲਾਵਾ ਵਣਜ ਗਸ਼ਤੀ ਪੱਤਰ ਨੰ: 02/2013 ਦੇ ਪੈਰਾ-4 ਵਿਚ ਹੇਠ ਲਿਖੇ ਅਨੁਸਾਰ ਦਰਜ ਹੈ :-

***"Dy,CE/SE (DS) Circle will regulate the issuance of Demand Notices by the Sub-Divisions under their control, keeping in view the availability of material and pending Test Reports, indicating the date of registration of applications upto which Demand Notices shall be issued by each Sub-Division, in such a way that the Sub-Division will be in a position to release the connection within three months from the date of compliance of Demand Notice by the prospective consumer."***

ਫੀਲਡ ਦਫਤਰਾਂ ਤੋਂ ਪ੍ਰਾਪਤ ਹੋਏ ਡਾਟੇ ਅਨੁਸਾਰ ਜਨਰਲ ਕੈਟਾਗਰੀ ਦੇ ਸਾਰੇ ਏ.ਪੀ ਬਿਨੈਕਾਰਾਂ ਦੀਆਂ ਅਰਜ਼ੀਆਂ ਵਿਰੁੱਧ ਉਪਰੋਕਤ ਕੱਟ ਆਫ ਡੇਟ ਅਨੁਸਾਰ ਮੰਗ ਪੱਤਰ ਜਾਰੀ ਨਹੀ ਕੀਤੇ ਜਾ ਸਕੇ। ਇਸ ਲਈ ਫੀਲਡ ਦਫਤਰਾਂ ਤੋਂ ਪ੍ਰਾਪਤ ਡਾਟੇ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਏ.ਪੀ ਪਾਲਿਸੀ/ਗਾਈਡਲਾਈਨਜ਼ ਦੇ ਮੱਦੇਨਜ਼ਰ ਮਾਮਲਾ ਵਿਚਾਰਿਆ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ :-

1) ਜਨਰਲ ਕੈਟਾਗਰੀ ਦੇ ਸਾਰੇ ਬਿਨੈਕਾਰਾਂ ਜਿਨ੍ਹਾਂ ਕੋਲ 2.5 ਏਕੜ ਤੋਂ ਘੱਟ ਜਮੀਨ ਦੀ ਮਾਲਕੀ ਹੈ ਅਤੇ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ, ਨੂੰ ਮਿਤੀ 31.12.1992 ਤੱਕ ਉਹਨਾਂ ਦੀਆਂ ਦਰਜ਼ ਹੋਈਆਂ ਅਰਜ਼ੀਆਂ ਵਿਰੁੱਧ ਮੰਗ ਪੱਤਰ ਜਾਰੀ ਕੀਤੇ ਜਾਣਗੇ।

2) ਜਨਰਲ ਕੈਟਾਗਰੀ ਦੇ ਸਾਰੇ ਬਿਨੈਕਾਰਾਂ ਜਿਨ੍ਹਾਂ ਕੋਲ 2.5 ਏਕੜ ਤੋਂ 5 ਏਕੜ ਤੱਕ ਜ਼ਮੀਨ ਦੀ ਮਾਲਕੀ ਹੈ ਅਤੇ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ, ਨੂੰ ਵੀ ਮਿਤੀ 31.12.1992 ਤੱਕ ਉਹਨਾਂ ਦੀਆਂ ਦਰਜ਼ ਹੋਈਆਂ ਅਰਜ਼ੀਆਂ ਵਿਰੁੱਧ ਮੰਗ ਪੱਤਰ ਜਾਰੀ ਕੀਤੇ ਜਾਣਗੇ।

ਇਕ ਏਕੜ ਤੋਂ 2.5 ਏਕੜ ਅਤੇ 2.5 ਏਕੜ ਤੋਂ 5 ਏਕੜ ਤੱਕ ਖੇਤੀਬਾੜੀ ਜ਼ਮੀਨ ਵਾਲੇ ਉਹ ਟਿਊਬਵੈਲ ਬਿਨੈਕਾਰ, ਜਿਨ੍ਹਾਂ ਕੋਲ ਪਹਿਲਾਂ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ ਅਤੇ ਜੋ ਉਪਰੋਕਤ ਸ਼ਰਤਾਂ ਪੂਰੀਆਂ ਕਰਦੇ ਹਨ, ਨੂੰ ਹੇਠ ਲਿਖੇ ਅਨੁਸਾਰ **Executive Magistrate** ਵੱਲੋਂ ਤਸਦੀਕ ਹੇਠ ਲਿਖਿਆ ਹਲਫੀਆ ਬਿਆਨ ਸਬੰਧਤ ਉਪ ਮੰਡਲ ਅਫਸਰ ਨੂੰ ਦੇਣਾ ਲਾਜ਼ਮੀ ਹੋਵੇਗਾ।

**i).** ਮੈਂ ਜਨਰਲ ਕੈਟਾਗਰੀ ਅਧੀਨ ਟਿਊਬਵੈਲ ਕੁਨੈਕਸ਼ਨ ਲੈਣ ਲਈ ਰਕਮ ਰੁ:............ ਸਿਕਉਰਟੀ ਰਸੀਦ ਨੰ:.................ਮਿਤੀ ..................... ਰਾਹੀਂ ਜਮ੍ਹਾਂ ਕਰਵਾਈ ਹੈ।

**ii).** ਮੇਰੇ ਕੋਲ ਸਾਰੇ ਪੰਜਾਬ ਰਾਜ਼ ਵਿਚ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ।

**iii).** ਮੇਰੇ ਕੋਲ ਸਾਰੇ ਪੰਜਾਬ ਰਾਜ਼ ਵਿਚ ਖੇਤੀਬਾੜੀ ਵਾਲੀ ਜ਼ਮੀਨ ਇਕ ਏਕੜ ਤੋਂ 2.5 ਏਕੜ ਤੋਂ ਘੱਟ ਜਾਂ 2.5 ਏਕੜ ਤੋ 5 ਏਕੜ ਤੱਕ ਹੈ, (ਜੋ ਵੀ ਲਾਗੂ ਹੋਵੇ)।

**iv).** ਅਗਰ ਮੇਰੇ ਵੱਲੋਂ ਉਪਰੋਕਤ ਦਿੱਤਾ ਬਿਆਨ ਕਿਸੇ ਵੀ ਸਮੇਂ ਗਲਤ ਪਾਇਆ ਜਾਂਦਾ ਹੈ ਤਾਂ ਪੰਜਾਬ ਰਾਜ਼ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਮੇਰਾ ਏ.ਪੀ ਕੁਨੈਕਸ਼ਨ ਬਿਨਾਂ ਕਿਸੇ ਨੋਟਿਸ ਤੇ ਕੱਟਣ ਅਤੇ ਮੇਰੇ ਖਿਲਾਫ ਕਾਨੂੰਨੀ ਕਾਰਵਾਈ (**Criminal proceedings**) ਕਰਨ ਦਾ ਅਧਿਕਾਰ ਹੋਵੇਗਾ ਅਤੇ ਇਸ ਸਬੰਧੀ ਮੈ ਪੀ.ਐਸ.ਪੀ.ਸੀ.ਐਲ ਤੋਂ ਕਿਸੇ ਕਿਸਮ ਦਾ ਕੋਈ ਕਲੇਮ ਕਰਨ ਦਾ ਹੱਕਦਾਰ ਨਹੀ ਹੋਵਾਂਗਾ। ਇਸ ਤੋ ਇਲਾਵਾ ਮੈ ਤਖਮੀਨੇ ਦੀ ਕੁੱਲ ਲਾਗਤ ਅਤੇ ਡਿਸਮੈਨਟਲਮੈਂਟ ਚਾਰਜ਼ਿਜ਼ ਦੇਣ ਦਾ ਪਾਬੰਦ ਹੋਵਾਂਗਾ ।

3) ਜਨਰਲ ਕੈਟਾਗਰੀ ਦੇ ਸਾਰੇ ਬਿਨੈਕਾਰਾਂ ਜਿਨ੍ਹਾਂ ਕੋਲ 5 ਏਕੜ ਤੋ ਵੱਧ ਜਮੀਨ ਦੀ ਮਾਲਕੀ ਹੈ ਅਤੇ ਜਿਨ੍ਹਾਂ ਦੀ ਮੰਗ ਪੱਤਰ ਜਾਰੀ ਕਰਨ ਦੀ ਕੱਟ ਆਫ ਡੇਟ ਮਿਤੀ 31.3.91 ਹੈ ਪਰੰਤੂ ਵਣਜ ਗਸ਼ਤੀ ਪੱਤਰ ਨੰ: 02/2013 ਦੇ ਉਪਰੋਕਤ ਪੈਰਾ-4 ਵਿਚ ਦਰਜ਼ ਹਦਾਇਤਾਂ ਕਰਕੇ ਮੰਗ ਪੱਤਰ ਜਾਰੀ ਨਹੀ ਕੀਤੇ ਜਾ ਸਕੇ, ਨੂੰ ਮਿਤੀ 31.12.1990 ਤੱਕ ਉਹਨਾਂ ਦੀਆਂ ਦਰਜ਼ ਹੋਈਆਂ ਅਰਜ਼ੀਆਂ ਵਿਰੁੱਧ ਮੰਗ ਪੱਤਰ ਜਾਰੀ ਕੀਤੇ ਜਾਣਗੇ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ੍ਹ ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ ।

09/4/13

ਉਪ ਮੁੱਖ ਇੰਜੀ/ਵਿਕਰੀ-1
ਵਾ: ਮੁੱਖ ਇੰਜੀਨੀਅਰ/ਵਣਜ,
ਪੰ:ਰਾ:ਪਾ:ਕਾ:ਲਿ,ਪਟਿਆਲਾ।

ਪਿੱਠ ਅੰਕਣ ਨੰ: 493/530/ਐਸਐਸਐਮ-414/ਟਿਊਬਵੈਲ ਪਾਲਿਸੀ /2012-13 ਮਿਤੀ 9 -04-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ,ਪੰ:ਰਾ:ਪਾ:ਕਾ:ਲਿਮਟਿਡ, ਪਟਿਆਲਾ।
2) ਸਾਰੇ ਨਿਰਦੇਸ਼ਕ,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ।
3) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ।
4) ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।
5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।
6) ਪ੍ਰੈਜੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ:3009-10, ਸੈਕਟਰ-22, ਚੰਡੀਗੜ੍ਹ।
7) ਮੁੱਖ ਇੰਜਨੀਅਰ/ਚੇਅਰਮੈਨ (ਫੋਰਮ),ਪੀ-1,ਵਾਈਟ ਹਾਊਸ ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ/ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ,ਐਸ.ਸੀ.ਓ.ਨੰ:220-221, ਸੈਕਟਰ-34 ਏ.ਚੰਡੀਗੜ੍ਹ।
9) Ombudsman, Electricity Punjab 66 KV Grid Sub-Station, Plot No.A-2, Industrial Area, Phase-1, SAS Nagar (Mohali)-160055.
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ ,ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ਼, ਪੰਜਾਬ ਸੈਕਟਰ-17, ਚੰਡੀਗੜ੍ਹ।
13) ਨਿਗਰਾਨ ਇੰਜ:/ਆਈ.ਟੀ.,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-II & Dy.CE/Billing,P.S.P.C.L., Patiala.
15) ਮੁੱਖ ਲੇਖਾ ਅਫਸਰ/ਮਾਲ, ਫਲੈਟ ਨੰ:9, ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ ।

ਵਧੀਕ ਨਿਗ:ਇੰਜ:/ਵਿਕਰੀ-2,
ਵਾਸਤੇ ਮੁੱਖ ਇੰਜੀਨੀਅਰ/ਵੱਣਜ਼,
ਪੀ.ਐਸ.ਪੀ.ਸੀ.ਐਲ,ਪਟਿਆਲਾ